# ਨਾਚ ਨਾਟਕ 'ਗਦਰ ਦੀ ਗੂੰਜ'

23.6.91

ਬਾਬਾ ਸੋਹਣ ਸਿੰਘ ਜੀ ਭਕਨਾ ਦੀ ਸ਼ਤਾਬਦੀ 'ਤੇ ਇਹ ਨਾਚ ਨਾਟਕ ਅੰਮ੍ਰਿਤਸਰ ਨਾਟਕ-ਕਲਾ ਕੇਂਦਰ ਵਲੋਂ 26 ਜਨਵਰੀ 1970 ਵਾਲੇ ਦਿਨ ਖੇਡਿਆ ਗਿਆ। ਇਸ ਨਾਚ ਨਾਟਕ ਦਾ ਅਨੁਭਵ ਚਿੱਤਰ ਮੈਂ ਆਪ ਖਿੱਚਿਆ।


ਬਹੁਤ ਸਾਲਾਂ ਤੋਂ ਮੈਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ 'ਤੇ ਵੱਖ ਵੱਖ ਕਾਲਜਾਂ ਦੀਆਂ ਟੀਮਾਂ ਵਲੋਂ ਪੇਸ਼ ਕੀਤਾ ਭੰਗੜਾ ਦੇਖਦਾ ਰਿਹਾ ਸਾਂ। ਮੈਂ ਇਹ ਗੱਲ ਨੋਟ ਕੀਤੀ ਕਿ ਮੁਕਾਬਲੇ ਵਿਚ ਦੂਜੇ ਤੋਂ ਵੱਖ ਦਿਸਣ ਲਈ ਭੰਗੜਾ ਡਾਇਰੈਕਟਰਾਂ ਵਲੋਂ ਬੜੀਆਂ ਸੋਹਣੀਆਂ ਕੰਪੋਜ਼ੀਸ਼ਨਾਂ ਪੇਸ਼ ਕੀਤੀਆਂ ਜਾਂਦੀਆਂ ਹਨ ਜੋ ਢੋਲ ਦੀ ਲੈਅ 'ਤੇ ਬਣਦੀਆਂ ਟੁੱਟਦੀਆਂ ਹਨ। ਹਰ ਕਿਸਮ ਦੀ ਕ੍ਰਿਤ ਹਲ ਚਲਾਉਣ ਤੋਂ ਟਰੈਕਟਰ ਚਲਾਉਣ ਤਕ, ਬੌਲਦ ਦੀ ਚਾਲ, ਘੋੜੇ ਦੀ ਚਾਲ, ਡਾਚੀ ਦੀ ਚਾਲ, ਸਭ ਕੁਝ ਬੜੀ ਚੰਗੀ ਤਰ੍ਹਾਂ ਢੋਲ ਦੀ ਤਾਲ 'ਤੇ ਪੇਸ਼ ਹੋ ਜਾਂਦਾ ਹੈ। ਭੰਗੜਾ ਇਕ ਨਾਟ ਸ਼ੈਲੀ ਹੈ ਤੇ ਇਸ ਸ਼ੈਲੀ ਵਿਚ ਨਾਚ ਨਾਟਕ ਪੇਸ਼ ਕਰਨ ਦੀ ਪੂਰੀ ਸੰਭਾਵਨਾ ਹੈ।

ਲੋਕ ਨਾਚ ਵਿਚ ਨਿਪੁੰਨ ਆਪਣੇ ਸਾਥੀ ਕਲਾਕਾਰ ਹਰਭਜਨ ਸਿੰਘ ਸੰਧੂ ਨਾਲ ਜਦੋਂ ਮੈਂ 'ਗਦਰ ਦੀ ਗੂੰਜ' ਦੇ ਖਰੜੇ ਬਾਰੇ ਵਿਚਾਰ-ਵਟਾਂਦਰਾ ਕੀਤਾ ਤਾਂ ਉਸ ਮੈਨੂੰ ਯਕੀਨ ਦਿਵਾਇਆ ਕਿ ਇਹ ਯਤਨ ਭਾਵੇਂ ਪੰਜਾਬ ਦੇ ਲੋਕ-ਨਾਚ ਇਤਿਹਾਸ ਵਿਚ ਪਹਿਲਾ ਹੋਵੇਗਾ ਪਰ ਜਦੋਂ ਅਸੀਂ ਰਲ ਕੇ ਸਾਰੇ ਕੋਸ਼ਿਸ਼ ਕਰਾਂਗੇ ਤਾਂ ਅਸੀਂ ਇਸ ਨੂੰ ਸ਼ਾਹਕਾਰ ਬਣਾ ਸਕਾਂਗੇ। ਮੈਨੂੰ ਮਾਣ ਹੈ ਕਿ ਸਾਡੀਆਂ ਸਾਰੀਆਂ ਆਸਾਂ 'ਤੇ ਇਹਦੀ ਪਹਿਲੀ ਹੀ ਪੇਸ਼ਕਸ਼ ਵਿਚ ਪੂਰੇ ਫੁੱਲ ਚੜ੍ਹੇ ਤੇ ਦਰਸ਼ਕਾਂ ਵਲੋਂ ਇਸ ਨੂੰ ਭਰਪੂਰ ਸ਼ਲਾਘਾ ਮਿਲੀ।

ਇਹ ਨਾਟਕ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਭਾਗ ਵਿਚ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਦਾ ਮੰਦਵਾੜਾ ਵਿਖਾਇਆ ਗਿਆ ਹੈ। ਕਿਸਾਨ ਪੂਰੀ ਮਿਹਨਤ ਕਰਦੇ ਹਨ, ਮਿੱਟੀ ਨਾਲ ਮਿੱਟੀ ਹੁੰਦੇ ਹਨ ਪਰ ਉਨ੍ਹਾਂ ਦੀ ਫਸਲ ਸ਼ਾਹ ਕੋਲੋਂ ਲਏ ਕਰਜ਼ੇ ਦੇ ਸੂਦ ਵਜੋਂ ਹੀ ਲੁੱਟੀ ਜਾਂਦੀ ਹੈ। ਭੁੱਖ ਨੰਗ ਤੋਂ ਤੰਗ ਆ ਕੇ ਉਹ ਪ੍ਰਦੇਸਾਂ ਵਿਚ ਕਮਾਈ ਕਰਨ ਲਈ ਜਾਣ 'ਤੇ ਮਜਬੂਰ ਹੋ ਜਾਂਦੇ ਹਨ। ਦੂਸਰੇ ਭਾਗ ਵਿਚ ਉਹ ਪ੍ਰਦੇਸਾਂ ਵਿਚ ਕਰੜੀ ਮਿਹਨਤ ਕਰਦੇ ਹਨ। ਥੱਕੇ-ਟੁੱਟੇ ਸ਼ਾਮ ਨੂੰ ਜਦੋਂ ਇਕੱਠੇ ਬੈਠਦੇ ਹਨ ਤਾਂ ਘਰ੍ਹਾਂ ਦੀ ਯਾਦ ਆਉਂਦੀ ਹੈ। ਗੋਰੇ ਉਨ੍ਹਾਂ ਨੂੰ ਟਿਚਕਰਾਂ ਕਰਦੇ ਹਨ ਕਿ ਉਹ 35 ਕਰੋੜ ਦੀ ਕੌਮ ਡੇਢ ਲੱਖ ਅੰਗਰੇਜ਼ਾਂ ਦੀ ਗੁਲਾਮੀ ਕਰ ਰਹੀ ਹੈ। ਇਹ ਹੀਣਤਾ ਵਾਲਾ ਸਲੂਕ ਉਨ੍ਹਾਂ ਨੂੰ ਅਹਿਸਾਸ ਦਿਵਾਂਦਾ ਹੈ ਕਿ ਗੁਲਾਮਾਂ ਦਾ ਜੀਵਨ ਵੀ ਕੋਈ ਜੀਵਨ ਹੈ? ਗਦਰ ਲਹਿਰ ਜਨਮ ਲੈਂਦੀ ਹੈ। ਇਸ ਆਜ਼ਾਦੀ ਦੀ ਲਹਿਰ ਵਿਚ ਗਦਰੀ ਬਾਬੇ ਤਨ, ਮਨ, ਧਨ ਸਭ ਸਮਰਪਿਤ ਕਰ ਦਿੰਦੇ ਹਨ। ਤੀਜੇ ਭਾਗ ਵਿਚ ਆਜ਼ਾਦੀ ਦੀ ਮਸ਼ਾਲ ਲੈ ਕੇ ਗਦਰੀ ਬਾਬੇ, ਦੇਸ਼ ਵਾਪਸ ਆਉਂਦੇ ਹਨ। ਉਨ੍ਹਾਂ ਨੂੰ ਮਾਯੂਸੀ ਹੁੰਦੀ ਹੈ ਕਿਉਂਕਿ ਇਥੇ ਆ ਕੇ ਉਹ ਵੇਖਦੇ ਹਨ ਕਿ ਹਿੰਦ ਵਾਸੀਆ ਨੇ ਗੁਲਾਮੀ ਨੂੰ ਤਕਦੀਰ ਮੰਨ ਕੇ ਸਵੀਕਾਰ ਕਰ ਲਿਆ ਹੈ। ਉਹ ਧਰਮਾਂ ਵਿਚ ਵੰਡੇ ਹੋਏ ਹਨ। ਉਹ ਪਹਿਲਾਂ ਹਿੰਦੂ ਹਨ, ਸਿੱਖ ਹਨ, ਮੁਸਲਮਾਨ ਹਨ, ਹਿੰਦੀ ਪਿੱਛੋਂ ਹਨ। ਗਦਰੀ ਬਾਬੇ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਕਰਦੇ ਹਨ ਕਿ ਉਹ ਤਾਂ ਗਊ, ਸੂਅਰ, ਝਟਕੇ ਤੇ ਹਲਾਲ ਦੇ ਚੱਕਰਾਂ ਵਿਚ ਪਏ ਹੋਏ ਹਨ ਪਰ ਜਿਸ ਗੋਰੇ ਦੀ ਉਹ ਗੁਲਾਮੀ ਕਰ ਰਹੇ ਹਨ ਉਹ ਤਾਂ ਤਿੰਨੇ ਚੀਜ਼ਾਂ ਖਾਣ ਵਾਲਾ ਹੈ। ਹਾਲੀ ਗਦਰੀ ਬਾਬੇ ਇਹ ਸਮਝਾ ਹੀ ਰਹੇ ਹਨ ਕਿ ਅੰਗਰੇਜ਼ ਦੀ ਪੁਲੀਸ ਉਨ੍ਹਾਂ ਉਤੇ

ਮੌਤ ਦੀ ਗੋਦ ਵਿਚ ਸੌਂ ਜਾਣਗੇ ਪਰ ਉਨ੍ਹਾਂ ਦੀ ਮੌਤ ਆਜ਼ਾਦੀ ਦੀ ਮਸ਼ਾਲ ਨੂੰ ਪੂਰੀ ਤਰ੍ਹਾਂ ਰੌਸ਼ਨ ਕਰੇਗੀ। ਨਾਟਕ ਦੇ ਅੰਤ ਵਿਚ ਗਦਰੀ ਬਾਬਿਆਂ ਦਾ ਹਿੰਦ ਬਾਰੇ ਇਕ ਸੁਪਨਾ ਹੈ - ਜਦੋਂ ਮਿਹਨਤੀਆਂ ਦੇ ਸਿਰ ਦੇਸ਼ ਦਾ ਤਾਜ ਹੋਵੇਗਾ।

ਇਸ ਸਾਰੀ ਕਹਾਣੀ ਨੂੰ ਲੋਕ ਨਾਚ ਦੀਆਂ ਮੂਕ ਸੈਨਤਾਂ ਨਾਲ ਹੀ ਪੇਸ਼ ਕੀਤਾ ਗਿਆ ਹੈ। ਕਿਧਰੇ ਕਿਧਰੇ ਕਥਾ ਵਾਚਕ ਵਲੋਂ ਕੁਝ ਕੁ ਸ਼ਬਦਾਂ ਅਤੇ ਗੀਤਾਂ ਦੀਆਂ ਕੁਝ ਕੁ ਟੂਕਾਂ ਨਾਲ ਵਿਸ਼ੇ ਨੂੰ ਸਪਸ਼ਟ ਕੀਤਾ ਗਿਆ ਹੈ ਤੇ ਨਾਲ ਹੀ ਕੁਝ ਨਾਟਕ ਝਾਕੀਆਂ ਦੀ ਸ਼ਮੂਲੀਅਤ ਕੀਤੀ ਗਈ ਹੈ। ਸਾਰਾ




ਕੁਝ ਇਸ ਤਰ੍ਹਾਂ ਆਪਸ ਵਿਚ ਜੋੜਿਆ ਗਿਆ ਹੈ ਕਿ ਇਹ 40 ਮਿੰਟਾਂ ਦਾ ਪੂਰਾ ਨਾਟਕ ਬਣਿਆ ਹੈ। ਨਾਚ ਨਾਟਕ ਦਾ ਆਰੰਭ ਭੂਮਿਕਾ ਵਜੋਂ ਯੁਵਕ ਕੇਂਦਰ ਵਲੋਂ ਛਪੇ ਬਾਬਾ ਭਕਨਾ ਦੇ 'ਜੀਵਨ ਸੰਗਰਾਮ' ਵਿਚੋਂ ਲਏ ਗਏ ਸ਼ਬਦਾਂ ਨਾਲ ਹੋਇਆ।

ਪਹਿਲੀ ਸੰਸਾਰ ਜੰਗ ਵੇਲੇ -ਜਦੋਂ ਗੁਲਾਮੀ ਨਾਲ ਲਿਤਾੜੀ ਭਾਰਤੀ ਜਨਤਾ ਅਸਲੋਂ ਨਿਢਾਲ ਹੋ ਚੁੱਕੀ ਸੀ ਤਾਂ ਇਕ ਇਨਕਲਾਬੀ ਲਹਿਰ ਨੇ ਕੌਮ ਦੀ ਸੁੱਤੀ ਹੋਈ ਆਤਮਾ ਨੂੰ ਝੰਜੋੜ ਸੁੱਟਿਆ। ਇਸ ਲਹਿਰ ਦਾ ਸਿਹਰਾ ਗਦਰ ਪਾਰਟੀ ਦੇ ਸਿਰ ਹੈ। ਗਦਰ ਪਾਰਟੀ ਦੇ ਸੈਂਕੜੇ ਸੂਰਮੇ ਫਾਂਸੀਆਂ 'ਤੇ ਝੂਲ ਗਏ। ਜੇਲ੍ਹਾਂ ਵਿਚ ਘਾਤਕ ਤਸੀਹੇ ਝੱਲੇ ਤੇ ਲੰਬੀਆਂ ਭੁੱਖ ਹੜਤਾਲਾਂ ਕੀਤੀਆਂ ਪਰ ਹਰ ਹਾਲਤ ਵਿਚ ਗੁਲਾਮੀ, ਲੁੱਟ ਅਤੇ ਅਨਿਆਏ ਵਿਰੁਧ ਝੰਡਾ ਚੁੱਕੀ ਰੱਖਿਆ। 'ਗਦਰ ਦੀ ਗੂੰਜ' ਆਜ਼ਾਦੀ ਦੇ ਇਨ੍ਹਾਂ ਮਹਾਨ ਸੰਗਰਾਮੀਆਂ ਨੂੰ ਇਕ ਸ਼ਰਧਾਂਜਲੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਗੀਤਕਾਰ ਦੀ ਆਵਾਜ਼ ਉਚੀ ਹੁੰਦੀ ਹੈ:

**ਜਦ ਕਦੀ ਇਤਿਹਾਸ ਦੇ ਵਰਕੇ ਫਰੋਲਾਂ ਸਾਥੀਓ**
**ਮੈਂ ਅਮਰ ਪੰਜਾਬ ਦੀ ਰੂਹ ਨਾਲ ਬੋਲਾਂ ਸਾਥੀਓ**
**ਜੋ ਕਿਸੇ ਵੀ ਜ਼ੁਲਮ ਦੇ ਹੱਥੋਂ ਕਦੀ ਨਾ ਸੜ ਸਕੀ**
**ਜੋ ਕਿਸੇ ਵੀ ਕਹਿਰ ਦੀ ਸੂਲੀ ਉਤੇ ਨਾ ਚੜ੍ਹ ਸਕੀ**
**ਏਸ ਰੂਹ 'ਤੇ ਝਾਤ ਪਾਵਾਂ ਸਾਥੀਓ**
**ਤੇ ਅੱਜ ਗਦਰਾਂ ਦੀ ਬਾਤ ਸੁਣਾਵਾਂ ਸਾਥੀਓ**

ਢੋਲ ਦਾ ਡੱਗਾ ਵੱਜਦਾ ਹੈ ਤੇ ਨਾਟਕ ਸ਼ੁਰੂ ਹੁੰਦਾ ਹੈ। ਕਿਸਾਨਾਂ ਦਾ ਹਲ ਪੰਜਾਲੀ ਚੁੱਕੀ ਆਪਣੇ ਖੇਤਾਂ ਵਲ ਜਾਣਾ, ਹਲ ਚਲਾਉਣਾ, ਬੀਜ ਬੀਜਣਾ, ਸੁਹਾਗਾ ਫੇਰਨਾ, ਵੱਟਾਂ ਪਾਉਣੀਆਂ, ਗੋਡੀ ਕਰਨਾ, ਮੀਂਹ ਦੀ ਉਡੀਕ ਕਰਨੀ, ਮੀਂਹ ਲਈ ਅਰਜ਼ੋਈ ਕਰਨਾ - ਰੱਬਾ ਰੱਬਾ ਮੀਂਹ ਵਸਾ, - ਮੀਂਹ ਵਰ੍ਹਨਾ, ਖੁਸ਼ੀ ਵਿਚ ਨੱਚਣਾ, ਫਸਲਾਂ ਦਾ ਪੱਕਣਾ, ਫਸਲਾਂ ਦਾ ਕੱਟਣਾ, ਬੋਹਲ ਲਗਾਉਣੇ ਤੇ ਫੇਰ ਬੋਹਲ ਦਾ ਸ਼ਾਹ ਵਲੋਂ ਲੁੱਟਿਆ ਜਾਣਾ, ਮਜਬੂਰਨ ਪ੍ਰਦੇਸਾਂ ਵਿਚ ਜਾਣਾ, ਫਲਾਂ ਦੇ ਬਾਗਾਂ ਵਿਚ ਫਲਾਂ ਦਾ ਤੋੜਨਾ, ਕਰੜੀ ਮਿਹਨਤ ਕਰਨੀ, ਗੋਰਿਆਂ ਵਲੋਂ ਮਿਹਣੇ ਮਾਰੇ ਜਾਣੇ, ਗਦਰ ਦਾ ਉਠਣਾ, ਜਾਗੋ ਆਈ ਦੇ ਰੂਪ ਵਿਚ ਜਾਗ੍ਰਿਤੀ ਦਾ ਨਾਚ, ਗਦਰੀਆਂ ਦਾ ਹਿੰਦੁਸਤਾਨ ਵਿਚ ਆਉਣਾ, ਧਰਮਾਂ ਦੇ ਨਾਂ 'ਤੇ ਹਿੰਦੀਆਂ ਨੂੰ ਸਮਝਾਉਣਾ, ਗੋਰੇ ਹਾਕਮਾਂ ਨਾਲ ਤਕਰਾਰ, ਫੜੇ ਜਾਣਾ, ਤਸੀਹੇ ਝੱਲਣਾ, ਆਜ਼ਾਦੀ ਦੀ ਜੋਤ ਜਗਾਉਣਾ - ਸਭ ਕੁਝ ਨਾਚ, ਗੀਤਾਂ ਅਤੇ ਨਾਟਕੀ ਝਾਕੀਆਂ ਨਾਲ ਪੇਸ਼ ਕੀਤਾ ਜਾਂਦਾ ਹੈ। ਵਿਸ਼ੇਸ਼ ਕਰ ਕੇ ਇਕ ਨਾਟਕੀ ਸੀਨ ਬੜਾ ਪ੍ਰਭਾਵਸ਼ਾਲੀ ਹੈ, ਜਦੋਂ ਸਾਰੇ ਹਿੰਦੀ ਗੋਰੇ ਅੰਗਰੇਜ਼ ਨੂੰ ਭਜਾਂਦੇ ਹਨ ਤੇ ਗਦਰ ਦੀ ਜੋਤ ਉਚੀ ਰੱਖਦੇ ਹਨ। ਗੀਤਾਂ ਵਿਚ ਚਰਨ ਸਿੰਘ ਸਿੰਦਰਾ ਦੇ ਨਾਟਕ ਲਈ ਲਿਖੇ ਖਾਸ ਗੀਤ, ਗਦਰ ਗੂੰਜਾਂ ਵਿਚ ਲਏ ਕਾਵਿ ਟੁਕੜੇ ਅਤੇ ਪ੍ਰੋ. ਮੋਹਨ ਸਿੰਘ ਦਾ ਗੀਤ ਜੋ ਜਤਿੰਦਰ ਨੇ ਗਾਇਆ, ਬੜੇ ਪ੍ਰਭਾਵਸ਼ਾਲੀ ਰਹੇ।

ਢੋਲ ਦੀ ਤਾਲ 'ਤੇ ਇਹ ਪਹਿਲਾ ਮੁਕੰਮਲ ਨਾਚ ਨਾਟਕ ਕਿਹਾ ਜਾ ਸਕਦਾ ਹੈ। ਇਹਦੀ ਸਫਲਤਾ ਦਾ ਸਿਹਰਾ ਜਿਥੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸਾਰੇ ਕਲਾਕਾਰਾਂ ਦੇ ਸਿਰ 'ਤੇ ਹੈ, ਉਥੇ ਇਹ ਸਭ ਤੋਂ ਵੱਧ ਹਰਭਜਨ ਸਿੰਘ ਸੰਧੂ ਦੀ ਵਿਸ਼ੇਸ਼ ਪ੍ਰਾਪਤੀ ਵੀ ਕਹੀ ਜਾ ਸਕਦੀ ਹੈ। ਉਹਦੇ ਵਲੋਂ ਤਰਤੀਬ ਕੀਤੀਆਂ ਗਈਆਂ ਕੰਪੋਜ਼ੀਸ਼ਨਾਂ ਵਿਚ ਕਈ ਥਾਵਾਂ 'ਤੇ ਕਲਾਸੀਕਲ ਛੋਹਾਂ ਹਨ, ਜਿਨ੍ਹਾਂ ਦਾ ਦਰਸ਼ਕਾਂ ਵਲੋਂ ਵਾਰ ਵਾਰ ਤਾੜੀਆਂ ਨਾਲ ਸੁਆਗਤ ਹੋਇਆ। ਪੰਜਾਬੀ ਨਾਟਕ ਇਤਿਹਾਸ ਵਿਚ ਇਹ ਨਾਚ ਨਾਟਕ ਇਕ ਮੀਲ-ਪੱਥਰ ਦਾ ਦਰਜਾ ਰੱਖਦਾ ਹੈ।

